**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ.), ਪੰਜਾਬ, ਐਸ.ਏ.ਐਸ. ਨਗਰ**
**(ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ)**

# ਪਬਲਿਕ ਨੋਟਿਸ

**[ਸਟੈਨੋਟਾਈਪਿਸਟ (ਮੁੱਖ ਦਫਤਰ) ਦੀਆਂ ਆਸਾਮੀਆਂ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਦੇ ਦਸਤਾਵੇਜਾਂ ਦੀ ਸਕਰੂਟਨੀ ਕਰਨ ਸਬੰਧੀ]**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ **ਸਟੈਨੋਟਾਈਪਿਸਟ** (ਮੁੱਖ ਦਫਤਰ) ਦੀਆਂ ਅਸਾਮੀਆਂ ਭਰਨ ਲਈ ਇਸ਼ਤਿਹਾਰ ਨੰ. 01/2022 ਰਾਹੀਂ ਇਸ਼ਤਿਹਾਰ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਵਿਰੁੱਧ ਸਿਫਾਰਿਸ਼ ਕੀਤੇ ਉਮੀਦਵਾਰਾਂ ਦੀ ਚੋਣ ਸੂਚੀ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪ੍ਰਾਪਤ ਹੋਈ ਹੈ (ਨੱਥੀ ਸੂਚੀ)।

2.0 ਇਹ ਉਮੀਦਵਾਰ **ਮਿਤੀ 05.05.2025 ਨੂੰ ਸਵੇਰੇ 10.00 ਵਜੇ ਚੌਥੀ ਮੰਜਿਲ, ਦਫਤਰ ਡਾਇਰੈਕਟੋਰੇਟ ਸਕੂਲ ਐਜੂਕੇਸ਼ਨ, ਪੰਜਾਬ, ਐਸ.ਏ.ਐਸ ਨਗਰ (ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ) ਵਿਖੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਾਲ ਨੱਥੀ ਸਵੈ ਘੋਸ਼ਣਾ ਪੱਤਰ (ਅਸਲ) ਭਰਕੇ ਲੈ ਕੇ ਆਉਣਗੇ ਅਤੇ ਆਪਣੇ ਸਾਰੇ ਅਸਲ ਦਸਤਾਵੇਜ਼, ਐਪਲੀਕੇਸ਼ਨ ਫਾਰਮ, ਕੈਟਾਗਰੀ ਸਬੰਧੀ ਸਰਟੀਫਿਕੇਟ, ਵਿਦਿਅਕ ਸਰਟੀਫਿਕੇਟ (ਜਿਵੇਂ ਕਿ ਕਿਸ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ (ਸਬੂਤ ਸਮੇਤ), ਕਿਥੇ ਪੇਪਰ ਦਿੱਤੇ ਗਏ (ਸਬੂਤ ਸਮੇਤ), ਰਿਹਾਇਸ਼ੀ ਸਬੂਤ, ਰੋਲ ਨੰਬਰ ਸਲਿੱਪ ਆਦਿ) (ਸਮੇਤ ਸਵੈ ਤਸਦੀਕ ਸਰਟੀਫਿਕੇਟਾਂ ਦੀ ਫੋਟੋਕਾਪੀ) ਲੈ ਕੇ ਹਾਜ਼ਰ ਹੋਣਾ ਯਕੀਨੀ ਬਣਾਉਣਗੇ।**

3.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪ੍ਰਾਪਤ ਹੋਈ ਯੋਗ ਉਮੀਦਵਾਰਾਂ ਦੀ ਸੂਚੀ ਇਸ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ। ਜੇਕਰ ਕੋਈ ਉਮੀਦਵਾਰ ਨਿਸਚਿਤ ਮਿਤੀ ਨੂੰ ਦਸਤਾਵੇਜਾਂ ਦੀ ਸਕਰੂਟਨੀ ਲਈ ਹਾਜ਼ਰ ਨਹੀਂ ਹੁੰਦਾ ਤਾਂ ਵਿਭਾਗ ਵੱਲੋਂ ਉਸਦਾ ਕਲੇਮ ਰੱਦ ਕਰਦੇ ਹੋਏ ਉਸਦੇ ਨਾਂ ਦੀ ਸ਼ਿਫਾਰਿਸ਼ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾ ਰਹੇ ਹਨ।

ਸੁਪਰਡੰਟ ਸੇਵਾਵਾ-1
ਦ: ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

**ਪੱਤਰ ਨੰ.:-** 1526
**ਮਿਤੀ:** 02/05/2025

**Annexure-A**

ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ

ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ

(ਸੇਵਾਵਾਂ-1 ਸ਼ਾਖਾ)

ਇਸ਼ਤਿਹਾਰ ਨੰ. 01/2022 ਸਟੈਨੋਟਾਈਪਿਸਟ ਦੀਆਂ ਆਸਾਮੀਆਂ ਭਰਨ ਲਈ ਲਏ ਗਏ ਲਿਖਤੀ ਪੇਪਰ ਅਤੇ ਟਾਇਪ/ਸ਼ਾਰਟਹੈਂਡ ਟੈਸਟ ਵਿੱਚ ਪਾਸ ਹੋਏ ਉਮੀਦਵਾਰਾਂ ਦੀ ਕਾਉਂਸਲਿੰਗ ਦੀ ਮਿਤੀ:-..................................

ਅਪਲਾਈ ਕੀਤੀ ਗਈ ਕੈਟਾਗਰੀ ਦਾ ਨਾਮ ਅਤੇ ਕੋਡ ਨੰ. 1)..................... (2).....................

1. ਰੋਲ ਨੰਬਰ-..................................................
2. ਉਮੀਦਵਾਰ ਦਾ ਨਾਂ- ............................................ ਪਿਤਾ ਦਾ ਨਾਂ ............................................
3. ਮਿਤੀ .................................. (01.01.2021 ਨੂੰ ਉਮਰ) ਸਾਲ............ ਮਹੀਨਾ............ ਦਿਨ............
4. ਕੀ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੈ........................................................
5. ਰਿਹਾਇਸ਼ੀ ਪਤਾ..........................................................................................
6. ਮੋਬਾਇਲ ਨੰ.- ............................................ (2) ............................................

ਇਸ ਕਾਲਮ ਵਿੱਚ ਲੋੜੀਂਦੀ ਵਿਦਿਅਕ ਯੋਗਤਾ ਇਸ਼ਤਿਹਾਰ ਅਨੁਸਾਰ ਦਰਜ ਕੀਤੀ ਜਾਵੇ।

| ਲੜੀ ਨੰ. | ਵਿਦਿਅਕ ਯੋਗਤਾ | ਬੋਰਡ/ਯੂਨੀਵਰਸਿਟੀ | ਸਾਲ | ਰੈਗੂਲਰ/ ਡਿਸਟੈਂਸ/ ਪ੍ਰਾਈਵੇਟ/ ਪੱਤਰ ਵਿਹਾਰ ਰਾਹੀਂ | ਸੰਸਥਾ (ਸਕੂਲ / ਕਾਲਜ ਦਾ ਨਾਂ) | ਯੂਨੀਵਰਸਿਟੀ ਸਟੱਡੀ ਸੈਂਟਰ/ਸੰਸਥਾ ਦਾ ਨਾਂ ਅਤੇ ਪਤਾ ਜਿਥੇ ਲੈਕਚਰ ਲਗਾਏ ਗਏ | ਪ੍ਰੀਖਿਆ ਕੇਂਦਰ ਦਾ ਨਾਂ ਅਤੇ ਪਤਾ (ਸਬੂਤ ਸਮੇਤ) | ਪ੍ਰਾਪਤ ਅੰਕ/ਕੁੱਲ ਅੰਕ ਅਤੇ ਪ੍ਰਤੀਸ਼ਤਤਾ |
|---|---|---|---|---|---|---|---|---|
| 1 | ਦਸਵੀਂ | | | | | | | |
| 2 | ਬਾਰਵੀਂ | | | | | | | |
| 3 | ਗ੍ਰੈਜੂਏਸ਼ਨ | | | | | | | |
| 4. | | | | | | | | |

7. ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋਂ ਭਰੇ ਗਏ ਉਪਰੋਕਤ ਵੇਰਵੇ ਸਹੀ ਅਤੇ ਦਰੁਸਤ ਹਨ।
8. ਅਰਜੀ ਨਾਲ ਨੱਥੀ ਦਸਤਾਵੇਜ਼ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।
9. ਉਪਰੋਕਤ ਜਾਣਕਾਰੀ ਅਤੇ ਦਸਤਾਵੇਜ਼ਾਂ ਦੀ ਫਾਈਲ ਜਮ੍ਹਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ਼ ਕੀਤਾ ਗਿਆ ਹੈ।
10. ਅਸਲ ਦਸਤਾਵੇਜ਼ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

ਪ੍ਰਾਰਥੀ ਦੇ ਹਸਤਾਖਰ

ਦਫਤਰੀ ਵਰਤੋਂ ਲਈ

1. ਰਾਖਵੀਂ ਸ਼੍ਰੇਣੀ ਸਰਟੀਫਿਕੇਟ ........................................................................ (ਹਸਤਾਖਰ)
2. ਸਾਬਕਾ ਫੌਜੀ ਸਰਟੀਫਿਕੇਟ........................................................................ (ਹਸਤਾਖਰ)

(ੳ) ਤਸਦੀਕ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਦੇ ਉਕਤ ਵੇਰਵਿਆਂ ਸਬੰਧੀ ਅਸਲ ਦਸਤਾਵੇਜ਼/ਪ੍ਰਾਰਥੀ ਦੇ ਬਿਨੈ ਪੱਤਰ ਚੈੱਕ ਕਰ ਲਏ ਗਏ ਹਨ। ਉਪਰੋਕਤ ਵੇਰਵੇ ਅਸਲ ਸਰਟੀਫਿਕੇਟਾਂ ਅਨੁਸਾਰ ਹਨ।

(ਅ) ਕਮੇਟੀ ਮੈਂਬਰ ਸਹਿਬਾਨ ਵੱਲੋਂ ਦਿੱਤੀ ਟਿੱਪਣੀ ਜੋ ਵੀ ਹੋਵੇ:-

ਕਮੇਟੀ ਮੈਂਬਰਾਂ ਦੇ ਹਸਤਾਖਰ

# ਸਵੈ ਘੋਸ਼ਣਾ ਪੱਤਰ

1. ਮੈਂ........................................................ ਪੁੱਤਰ/ ਪੁੱਤਰੀ ............................................................... ਵਾਸੀ
   ........................................................................................... ਦੀ ਰਹਿਣ ਵਾਲਾ/

   ਵਾਲੀ ਹਾਂ।

2. ਮੈਂ ਅਧੀਨ ਸੇਵਾਵਾਂ ਚੋਣ ਬੋਰਡ ਵਲੋਂ ਦਿੱਤੇ ਗਏ ਵਿਗਿਆਪਨ ਅਨੁਸਾਰ

   ਰਜਿਸਟ੍ਰੇਸ਼ਨ ਨੰਬਰ ............................................... ਅਧੀਨ...................................ਦੀ ਆਸਾਮੀ ਲਈ ਅਪਲਾਈ ਕੀਤਾ ਸੀ।

3. ਮੈਂ.................................................... ਕੈਟਾਗਰੀ ਵਿੱਚ ਅਪਲਾਈ ਕੀਤਾ ਹੈ। ਮੈਂ ਕਰੀਮੀ ਲੇਅਰ ਵਿੱਚ ਨਹੀਂ ਆਉਂਦਾ/ਆਉਂਦੀ ਹਾਂ। ਮੇਰੇ ਪਰਿਵਾਰ ਦੀ ਆਮਦਨ 8,00,000/- (ਅੱਠ ਲੱਖ ਰੁਪਏ) ਤੋਂ ਘੱਟ ਹੈ।

4. ਇਹ ਕਿ ਮੈਂ ਸਬੰਧਤ ਨਿਰਧਾਰਤ ਯੋਗਤਾਵਾਂ ਪੂਰੀਆਂ ਕਰਦੀ / ਕਰਦਾ ਹਾਂ।

5. ਮੈਂ ਤਸਦੀਕ ਕਰਦੀ/ਕਰਦਾ ਹਾਂ ਕਿ ਜੋ ਅਸਲ ਦਸਤਾਵੇਜ਼ ਮੇਰੇ ਵੱਲੋਂ ਸਿਲੈਕਸ਼ਨ ਕਮੇਟੀ ਨੂੰ ਪੇਸ਼ ਕੀਤੇ ਗਏ ਹਨ ਉਹ ਸਾਰੇ ਦਸਤਾਵੇਜ਼ ਸਹੀ ਅਤੇ ਦਰੁਸਤ ਹਨ, ਜੇਕਰ ਕੋਈ ਵੀ ਦਸਤਾਵੇਜ਼ ਜਾਅਲੀ ਪਾਇਆ ਜਾਂਦਾ ਹੈ ਇਸ ਦੀ ਜਿੰਮੇਵਾਰੀ ਮੇਰੀ ਖੁਦ ਦੀ ਹੋਵੇਗੀ ਅਤੇ ਇਸ ਸਬੰਧੀ ਜੋ ਵੀ ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਬਣਦੀ ਹੈ ਮੈਂ ਉਸਦੀ/ਉਸਦਾ ਖੁਦ ਜ਼ਿੰਮੇਵਾਰ ਹੋਵਾਂਗਾ/ਹੋਵਾਂਗੀ।

6. ਵਿਭਾਗ ਵੱਲੋਂ ਮੇਰੇ ਅਸਲ ਦਸਤਾਵੇਜ਼ਾਂ ਦੀ ਮੰਗ ਕਰਨ ਤੇ ਮੈਂ ਆਪਣੇ ਅਸਲ ਦਸਤਾਵੇਜ਼ ਵਿਭਾਗ ਨੂੰ ਦੇਣ ਦੀ ਪਾਬੰਦ ਹੋਵਾਂਗਾ/ ਹੋਵਾਂਗੀ।

ਬਿਆਨਕਰਤਾ

ਤਸਦੀਕ:

ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਮੇਰਾ ਉਪਰੋਕਤ ਹਲਫੀਆ ਬਿਆਨ ਸਹੀ ਅਤ ਦਰੁਸਤ ਹੈ ਅਤੇ ਮੈਂ ਇਸ ਵਿੱਚ ਕੁਝ ਲੁਕਾਇਆ ਜਾਂ ਛੁਪਾਇਆ ਨਹੀਂ ਹੈ।

ਬਿਆਨਕਰਤਾ

4094611 3.4.25 04/04/2025

## ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,
## ਵਣ ਭਵਨ, ਸੈਕਟਰ-68, ਮੋਹਾਲੀ।

ਸੇਵਾ ਵਿਖੇ

ਡਾਇਰੈਕਟਰ,
ਸਿੱਖਿਆ ਵਿਭਾਗ (ਸੈ. ਸਿੱ.), ਮੁੱਖ ਦਫ਼ਤਰ,
ਪੰਜਾਬ।

ਮੀਮੋ ਨੰ: PSSSB-ESTB0RECT/2/2023-ESTABLISHMENT-PSSSB/ 255
ਮਿਤੀ; ਐਸ.ਏ.ਐਸ. ਨਗਰ: 26.03.2025

ਵਿਸ਼ਾ: ਇਸ਼ਤਿਹਾਰ ਨੰਬਰ 01 ਆਫ 2022 – ਸਟੈਨੋਟਾਈਪਿਸਟ ਦੀ ਅਸਾਮੀਆਂ ਵਿਰੁੱਧ ਯੋਗ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਸਬੰਧੀ।

*****

ਉਪਰੋਕਤ ਵਿਸ਼ੇ ਅਤੇ ਆਪ ਦੇ ਦਫਤਰ ਦੇ ਪੱਤਰ ਨੰ: 27/1-2024 ਸੈ-1(3)/202469024 ਮਿਤੀ: 14.03.2024 ਦੇ ਸਬੰਧ ਵਿੱਚ।

2.0 ਆਪ ਵੱਲੋਂ ਹਵਾਲਾ ਅਧੀਨ ਮੰਗ ਪੱਤਰ ਰਾਹੀਂ ਸਟੈਨੋਟਾਈਪਿਸਟਾਂ ਦੀਆਂ ਅਸਾਮੀਆਂ ਦੀ ਮੰਗ ਕੀਤੀ ਗਈ ਸੀ। ਇਸ ਦੇ ਸਨਮੁੱਖ ਹੇਠ ਦਰਸਾਏ ਉਮੀਦਵਾਰਾਂ ਦੀ ਸਟੈਨੋਟਾਈਪਿਸਟਾਂ ਦੀ ਅਸਾਮੀ ਤੇ ਨਿਯੁਕਤੀ ਲਈ ਸਿਫਾਰਸ਼ ਕੀਤਾ ਜਾਂਦਾ ਹੈ:-

| New Sr. No. | Sr. No. | Roll No | Candidate Name | Father Name | Gender | DOB | Application Reference No | Category Code | Total Errors | SELECTION (NJ) | DEP (NJ) |
|---|---|---|---|---|---|---|---|---|---|---|---|
| 1 | 146 | 11534 | AMANDEEP KAUR | JAGROOP SINGH | Female | 16/05/1994 | PSSSBJ01000258 | 102 | 8 | EWS(GEN) | ਡਾਇਰੈਕਟੋਰੇਟ, ਸਿੱਖਿਆ ਵਿਭਾਗ (ਸੈ. ਸਿੱਖਿਆ) (ਮੁੱਖ ਦਫ਼ਤਰ) |

3.0 ਉਮੀਦਵਾਰ ਦੇ ਆਨਲਾਈਨ ਐਪਲੀਕੇਸ਼ਨ ਪ੍ਰੋਫਾਰਮੇ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

4.0 ਸਿਫਾਰਸ਼ ਕੀਤੇ ਉਮੀਦਵਾਰਾਂ ਦੇ ਅਸਲ ਵਿਦਿਅਕ ਯੋਗਤਾ, ਜਾਤੀ ਅਤੇ ਹੋਰ ਦਸਤਾਵੇਜ਼ਾਂ ਦੀ ਵੈਰੀਫਿਕੇਸ਼ਨ ਵਿਭਾਗ ਆਪਣੇ ਪੱਧਰ ਤੇ ਕਰਵਾਉਣ ਲਈ ਜਿੰਮੇਵਾਰ ਹੋਵੇਗਾ।

5.0 ਬੋਰਡ ਵੱਲੋਂ ਉਮੀਦਵਾਰਾਂ ਦੇ ਦਸਤਾਵੇਜ ਚੈੱਕ ਕਰਨ ਵੇਲੇ ਪੂਰੀ ਸਾਵਧਾਨੀ ਵਰਤੀ ਗਈ ਹੈ, ਪ੍ਰੰਤੂ ਫਿਰ ਵੀ ਜੇਕਰ Distance/Correspondence ਮਾਡ ਰਾਹੀਂ ਡਿਗਰੀ ਕਰਨ ਵਾਲੇ ਉਮੀਦਵਾਰਾਂ ਦਾ ਪੇਪਰ/Exam Centre ਉਸਦੀ ਯੂਨੀਵਰਸਿਟੀ ਵਾਲੇ ਰਾਜ/State ਤੋਂ ਬਾਹਰ ਦਾ ਹੋਵੇ ਤਾਂ ਅਜਿਹੇ ਉਮੀਦਵਾਰ ਨੂੰ ਨਿਯੁਕਤੀ ਪੱਤਰ ਜਾਰੀ ਨਾ ਕੀਤਾ ਜਾਵੇ ਅਤੇ ਉਸਦੇ ਦਸਤਾਵੇਜ ਬੋਰਡ ਤੋਂ ਮੁੜ ਚੈੱਕ ਕਰਵਾ ਲਏ ਜਾਣ।

6.0 ਉਪਰੋਕਤ ਨਤੀਜਾ ਤਿਆਰ ਕਰਦੇ ਸਮੇ ਬੋਰਡ ਵੱਲੋਂ ਪੂਰੀ ਸਾਵਧਾਨੀ ਵਰਤੀ ਗਈ ਹੈ, ਪ੍ਰੰਤੂ ਫਿਰ ਵੀ ਸਹਿਬਨ ਹੋਈ ਕਿਸੇ ਵੀ ਗਲਤੀ ਕਾਰਨ ਰਹਿ ਗਈ ਕਿਸੇ ਵੀ ਤਰੁੱਟੀ ਨੂੰ ਸੁਧਾਰਨ ਦਾ ਹੱਕ ਬੋਰਡ ਪਾਸ ਰਾਖਵਾਂ ਹੋਵੇਗਾ।

7.0 ਇਹ ਸਿਫਾਰਸ਼ਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਟੈਨੋਟਾਈਪਿਸਟਾਂ ਦੀ ਭਰਤੀ ਨਾਲ ਸਬੰਧਤ ਚੱਲ ਰਹੇ ਕੋਰਟ ਕੇਸਾਂ ਦੇ ਵਿੱਚ ਹੋਣ ਵਾਲੇ ਫੈਸਲਿਆਂ ਦੇ subject to ਹੋਣਗੀਆਂ।

Scanned with OKEN Scanner